# ਇਕ ਮਾਂ ਦੋ ਮੁਲਕ

(**ਸ੍ਰ. ਹਰਸਰਨ ਸਿੰਘ** ਦੇ ਨਾਟਕ *ਇਕ ਵਿਚਾਰੀ ਮਾਂ* ਦਾ ਸੰਖੇਪ ਰੂਪ)

(ਨਾਟਕ ਦੇ ਸ਼ੁਰੂ ਹੋਣ 'ਤੇ ਬੇਬੇ ਚਰਖਾ ਕੱਤਦੀ ਨਜ਼ਰ ਆਉਂਦੀ ਹੈ। ਇਕ ਪਿੰਡ ਦੇ ਘਰ ਦਾ ਮਾਹੌਲ ਦਿਸਦਾ ਹੈ। ਬਾਹਰੋਂ ਬਾਪੂ ਆਉਂਦਾ ਹੈ।)

ਬਾਪੂ : (ਆਉਂਦੇ ਹੋਏ) ਬਚਨੇ ਦੀ ਬੇਬੇ, ਕੀ ਗੱਲ ਅੱਜ ਬੜਾ ਕੁਵੇਲਾ ਕਰ ਦਿੱਤਾ ਰੋਟੀ ਨੂੰ, ਮੈਂ ਤਾਂ ਉਡੀਕ-ਉਡੀਕ ਕੇ ਹੁਣ ਘਰ ਨੂੰ ਆਇਆ ਵਾਂ।

ਬੇਬੇ : ਕੁੜੀ ਦਾ ਜ਼ਰਾ ਚਿੱਤ ਨਹੀਂ ਸੀ ਰਾਜ਼ੀ, ਇਸੇ ਲਈ ਚਿਰ ਲੱਗ ਗਿਆ।

ਬਾਪੂ : ਪਤਾ ਨਹੀਂ ਕੁੜੀ ਨੂੰ ਕੀ ਅੰਦਰੇ ਅੰਦਰ ਗਮ ਖਾਈ ਜਾਂਦਾ ਹੈ?

ਬੇਬੇ : ਲੈ ਹੁਣ ਕਾਹਦਾ ਗਮ ਏ ਸੁੱਖ ਲਾਲ ਹੁਣ ਤੇ ਆਪਣਾ ਕਾਕਾ ਹੋ ਗਿਆ ਏ।

ਬਾਪੂ : ਤੈਨੂੰ ਤੇ ਪਤਾ ਨਹੀਂ ਰੱਬ ਨੇ ਕਿਹੜੀ ਮਿੱਟੀ ਦਾ ਬਣਾਇਆ ਏ, ਇਕ ਮਾਂ ਹੁੰਦਿਆਂ ਹੋਇਆ ਵੀ ਤੂੰ ਇਕ ਮਾਂ ਦੇ ਦੁੱਖ ਨੂੰ ਨਹੀਂ ਸਮਝ ਸਕਦੀ।

ਬੇਬੇ : ਅੱਛਾ ਤੂੰ ਤਾਂ ਸਮਝਦਾ ਏ ਨਾ।

ਬਾਪੂ : ਮੇਰੀ ਇਸ ਘਰ ਵਿਚ ਕੌਣ ਸੁਣਦਾ ਏ, ਜਦੋਂ ਬਚਨੈ ਨੇ ਇਸ ਨੂੰ ਅੰਦਰ ਪਾਇਆ ਸੀ ਤਾਂ ਮੈਂ ਥੋੜ੍ਹਾ ਆਖਿਆ ਸੀ ਕਿ ਇਹ ਜ਼ੁਲਮ ਨਾ ਕਰੋ, ਪਰ ਤੂੰ ਵੀ ਤਾਂ ਆਪਣੇ ਪੁੱਤਰ ਦਾ ਹੀ ਪੱਖ ਲਿਆ ਸੀ।

ਬੇਬੇ : ਰੈ ਤੇ ਮਾੜੀ ਗੱਲ ਸੀ, ਪਰ ਉਹਨੇ ਕੋਈ ਜੱਗ ਨਾਲੋਂ ਅਨੋਖੀ ਗੱਲ ਥੋੜ੍ਹੀ ਕੀਤੀ ਸੀ। ਪਿੰਡ ਦੇ ਸਾਰੇ ਮੁੰਡਿਆਂ ਨੇ ਕਾਫਲੇ 'ਚੋਂ ਕੁੜੀਆਂ ਚੁੱਕਕੇ ਲਿਆਂਦੀਆਂ ਸਨ ਤੇ ਨਾਲੇ ਜੇ ਉਹ ਇਸ ਤਰ੍ਹਾਂ ਨਾ ਕਰਦੇ ਤਾਂ ਪਾਕਿਸਤਾਨ 'ਚੋਂ ਕੋਈ ਸਾਡੀ ਧੀ ਭੈਣ ਕਿੱਦਾਂ ਬਚ ਕੇ ਆਉਂਦੀ?

ਬਾਪੂ : ਚੰਗਾ ਤਰੀਕਾ ਲੱਭਿਆ ਸੀ ਤੂੰ ਤੇ ਤੇਰੇ ਪੁੱਤਰ ਨੇ ਤੇ ਉਹਦੇ ਸਾਥੀਆਂ ਨੇ ਪਰ... ਬਚਨੇ ਦੀ ਬੇਬੇ ਆਪਣੀਆਂ ਧੀਆਂ ਭੈਣਾਂ ਦੀ ਇੱਜ਼ਤ ਬਚਾਉਣ ਲਈ ਇਹ ਜ਼ਰੂਰੀ ਨਹੀਂ ਕਿ ਤੁਸੀਂ ਦੂਜਿਆਂ ਦੀ ਧੀ ਭੈਣ ਦੀ ਇੱਜ਼ਤ ਨੂੰ ਹੱਥ ਪਾਉ। ਉਹ ਵੀ ਕਿਸੇ ਦੀ ਧੀ ਸੀ, ਭੈਣ ਸੀ, ਮਾਂ ਸੀ।

ਬੇਬੇ : ਤੂੰ ਤੇ ਐਂਵੇ ਪੁਰਾਣੀਆਂ ਗੱਲਾਂ ਛੋਹ ਬੈਠਾਂ ਏਂ ਮੈਂ ਤਾਂ ਸਮਝਿਆ ਸੀ ਕਿ ਕੁਝ ਦਿਨ ਰੱਖ ਕੇ ਅੱਗੇ ਧੱਕ ਦੇਵੇਂਗਾ, ਮੈਨੂੰ ਕੀ ਪਤਾ ਸੀ ਕਿ ਉਹ ਨਾਗਿਨ ਮੁੰਡੇ ਨੂੰ ਇਸ ਤਰ੍ਹਾਂ ਮੋਹ ਲਵੇਗੀ।

ਬਾਪੂ : ਹੁਣ ਇਹ ਵੀ ਉਹਦਾ ਕਸੂਰ ਏ ? ਕਿ ਤੇਰਾ ਮੁੰਡਾ ਉਹਦੇ 'ਤੇ ਮੋਹਿਤ ਹੋ ਗਿਆ ਏ।

ਬੇਬੇ : ਮੈਂ ਹੁਣ ਕਦੋਂ ਕੁਝ ਕਹਿੰਦੀ ਆਂ... ਮੈਂ ਤਾਂ ਇਹੀ ਚਾਹੁੰਦੀ ਹਾਂ ਕਿ ਜੋ ਹੋ ਗਿਆ ਸੋ ਹੋ ਗਿਆ, ਹੁਣ ਦਿਲ ਲਾ ਕੇ ਰਹੇ।

ਬਾਪੂ : ਦਿਲ ਲਾ ਕੇ ਕਿੱਦਾਂ ਰਹੇ ਉੱਠਦਿਆਂ-ਬੈਠਦਿਆਂ ਉਹਦੀਆਂ ਅੱਖਾਂ ਅੱਗੇ ਉਹੋ ਦ੍ਰਿਸ਼ ਆਉਂਦਾ ਹੋਣਾ ਏ-ਜਦੋਂ ਉਹਨੂੰ ਉਹਦੇ ਬੱਚੇ ਤੋਂ ਵੱਖ ਕਰਕੇ ਜ਼ਾਲਮਾਂ ਨੇ ਘਸੀਟ ਕੇ ਉਸ ਨੂੰ ਇਥੇ ਲੈ ਆਂਦਾ ਸੀ ਤੇ ਤੂੰ ਕੀ ਸਮਝਦੀ ਏ, ਉਹ ਤੇਰੇ ਪੁੱਤਰ ਨੂੰ ਇਸ ਜ਼ੁਲਮ ਦੇ ਹੁੰਦਿਆਂ ਹੋਇਆਂ ਵੀ ਪਿਆਰ ਕਰ ਸਕੇਗੀ ? ਤੇ ਤੈਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਹਦਾ ਪੁੱਤਰ ਮਰਿਆ ਨਹੀਂ ਸਗੋਂ ਆਪਣੇ ਚਾਚੇ ਕੋਲ ਪਾਕਿਸਤਾਨ ਜਿਉਂਦਾ ਏ।

ਬੇਬੇ : ਹਾਏ, ਹਾਏ, ਇਹ ਕੀ ਪਏ ਕਹਿੰਦੇ ਓ। ਉਹ ਤਾਂ ਦੱਸਦੀ ਸੀ ਕਿ ਤਿੰਨ ਸਾਲ ਦਾ ਸੀ ਜਦੋਂ ਸਾਰਾ ਕਾਫਲਾ ਅੱਗੇ ਜਾ ਕੇ ਨਦੀ ਵਿਚ ਰੁੜ ਗਿਆ ਸੀ, ਉਹ ਕਿਥੇ ਬਚਿਆ ਹੋਣਾ ਏਂ ?

ਬਾਪੂ : ਮੈਨੂੰ ਕਿਥੇ ਪਤਾ ਲੱਗਣਾ ਸੀ। ਉਹ ਤਾਂ ਜੈਂਤੀਪੁਰ ਦਾ ਨੰਬਰਦਾਰ ਆਇਆ ਸੀ, ਉਹਨੇ ਰਾਜੀ ਨੂੰ ਪਛਾਣ ਲਿਆ। ਉਹਨਾਂ ਦੀ ਫਾਤਮਾ ਨੇ ਹੀ ਉਹਨੂੰ ਦੱਸਿਆ ਸੀ ਕਿ ਪਾਕਿਸਤਾਨ ਵਾਲੀ ਪੁਲਿਸ ਉਹਨੂੰ ਲੱਭਦੀ-ਲੱਭਦੀ ਉਹਨਾਂ ਦੇ ਪਿੰਡ ਆਈ ਸੀ ਤੇ ਉਹਨਾਂ ਕੋਲੋਂ ਹੀ ਉਹਨੂੰ ਪਤਾ ਲੱਗਾ ਏ।

ਬੇਬੇ : ਅੱਛਾ, ਹੋਲੀ ਬੋਲ... ਉਹ ਤਾਂ ਸਮਝਦੀ ਏ ਕਿ ਉਹਦਾ ਗਫ਼ੂਰ ਮਰ ਗਿਆ ਏ ਤੇ ਜੇ ਉਸਨੂੰ ਪਤਾ ਲੱਗ ਗਿਆ ਕਿ ਉਹ ਜਿਉਂਦਾ ਏ ਤਾਂ ਉਸਨੂੰ ਹੋਰ ਤੜਪਣੀ ਲੱਗਣੀ ਏਂ।

ਬਾਪੂ : ਮੈਂ ਕੀ ਹੌਲੀ ਬੋਲਣਾ ਏ ਸਚਾਈ ਇੰਝ ਥੋੜ੍ਹੀ ਛਿਪਣੀ ਏਂ... ਤੇ ਨੰਬਰਦਾਰ ਇਹ ਵੀ ਕਹਿੰਦਾ ਸੀ ਕਿ ਦੋਹਵਾਂ ਸਰਕਾਰਾਂ ਦਾ ਸਮਝੌਤਾ ਹੋ ਗਿਆ ਏ ਕਿ ਜੋ ਵੀ ਹਿੰਦੂ ਸਿੱਖ ਕੁੜੀ ਉੱਧਰ ਰਹਿ ਗਈ ਏ, ਉਹ ਇੱਧਰ ਲਿਆਂਦੀ ਜਾਵੇਗੀ ਤੇ ਜੋ ਵੀ ਮੁਸਲਮਾਨ ਕੁੜੀ ਇੱਧਰ ਰਹਿ ਗਈ ਉਹਨੂੰ ਉੱਧਰ ਭੇਜਿਆ ਜਾਵੇਗਾ।

ਬੇਬੇ : ਸਰਕਾਰਾਂ ਦਾ ਫੈਸਲਾ ?

ਬਾਪੂ : ਹਾਂ, ਸਰਕਾਰਾਂ ਦਾ ਫੈਸਲਾ

ਬੇਬੇ : ਆਹੋ ਫੈਸਲਾ ਹੋ ਗਿਆ ! ਤੂੰ ਵੇਂਹਦਾ ਰਹੀਂ, ਇਹਨਾਂ ਨੇ ਕੈਂਪਾਂ ਵਿਚ ਪਈਆਂ ਰੁਲਦੀਆਂ ਰਹਿਣਾ ਵਾਂ ਸਾਰੀ ਉਮਰ, ਕਿਸੇ ਇਨ੍ਹਾਂ ਦੀ ਵਾਤ ਨਹੀਂ ਪੁੱਛਣੀ। ਮੇਰੇ ਨਾਨਕੇ ਪਿੰਡ ਦੀ ਇਕ ਉਧਲੀ ਹੋਈ ਕੁੜੀ ਸੀ ਉਹ ਕੈਂਪ ਵਿਚ ਆਈ, ਉਹਦਾ ਬਾਪੂ ਉਹਨੂੰ ਲੈਣ ਗਿਆ–ਪਰ ਜਦੋਂ ਉਹਨੇ ਉਸਦਾ ਢਿੱਡ ਵਧਿਆ ਵੇਖਿਆ ਤਾਂ ਉਸ ਕਹਿ ਦਿੱਤਾ ਕਿ ਇਹ ਤਾਂ ਉਸਦੀ ਧੀ ਹੀ ਨਹੀਂ, ਕੁੜੀ ਨੇ ਬਥੇਰੇ ਤਰਲੇ ਪਾਏ ਪਰ ਪਿਉ ਨੇ ਇਕ ਨਾ ਸੁਣੀ–ਸਰਕਾਰਾਂ ਦੇ ਫੈਸਲੇ ਵੀ ਕਦੀ ਸੋਚ ਸਮਝ ਕੇ ਹੋਏ ਨੇ ?

ਬਾਪੂ : ਆਹੋ ਸਾਰੀ ਸੋਚ ਸਮਝ ਤੇ ਤੇਰੇ ਪੁੱਤਰ ਵਿਚ ਈ ਏ... ਬਾਕੀ ਤਾਂ ਸਾਰੇ ਬੇਵਕੂਫ ਨੇ... ਖੈਰ ਜੇਕਰ ਉਹ ਰਾਜੀ ਨੂੰ ਲੈਣ ਆਏ ਤਾਂ ਮੈਂ ਉਨ੍ਹਾਂ ਦੇ ਹਵਾਲੇ ਕਰ ਦੇਣਾ ਏ ਜੋ ਮਰਜ਼ੀ ਏ ਪੁੱਛ ਲੈਣ।

ਬੇਬੇ : ਉਹਨੂੰ ਭਾਵੇਂ ਲੈ ਜਾਣ, ਪਰ ਮੈਂ ਆਪਣਾ ਪੋਤਰਾ ਨਹੀਂ ਦੇਣਾ, ਮਸਾਂ ਮਸਾਂ ਮੇਰੀ ਕੁਲ ਅੱਗੇ ਤੁਰੀ ਏ।

ਬਾਪੂ : ਸ਼ੁਕਰ ਏ ਤੇਰੀ ਕੁਲ ਤਾਂ ਅੱਗੇ ਤੁਰ ਪਈ ਏ। (ਬਾਹਰੋਂ ਬਚਨਾ ਆਉਂਦਾ ਹੈ ਤੇ ਚਗਾਠ ਵਿਚ ਪੈਰ ਅੜ੍ਹਨ ਨਾਲ ਡਿੱਗਦਾ ਹੈ।)

ਬਚਨਾ : ਸਾਲੀ ਨੂੰ ਵੱਢਣਾ ਈ ਪਊ। ਆਉਂਦਿਆਂ ਜਾਂਦਿਆਂ ਖਹਿੰਦੀ ਏ।

ਬਾਪੂ : ਬਰਖੁਰਦਾਰ ਅੱਖਾਂ ਖੋਹਲਕੇ ਤੁਰੀਏ ਤਾਂ ਠੇਡੇ ਨਹੀਂ ਲੱਗਦੇ।

ਬਚਨਾ : ਬਾਪੂ ਤੂੰ ਮੇਰੀ ਹਰ ਗੱਲ ਹੀ ਟੋਕਦਾ ਰਹਿੰਦਾ ਏ।

ਬਾਪੂ : ਤੇਰੀ ਗੱਲ ਹੀ ਇਸ ਤਰ੍ਹਾਂ ਦੀ ਹੁੰਦੀ ਏ।

ਬਚਨਾ : ਕਿਹੋ ਜਿਹੀ ਹੁੰਦੀ ਏ ਮੇਰੀ ਗੱਲ ?

ਬਾਪੂ : ਉਏ ਦਾਰੂ ਪੀ ਕੇ ਸਾਰਾ ਦਿਨ ਗਲੀਆਂ 'ਚ ਹਰਲ ਹਰਲ ਕਰਦੇ ਰਹਿੰਦੇ ਹੋ, ਗੰਦੀਆਂ ਗਾਲ੍ਹਾਂ ਕੱਢ ਕੇ ਫਿਰ ਲੜਾਈਆਂ ਕਰਦੇ ਹੋ, ਮੂੰਹ ਕੁੱਤਾ ਚੱਟ ਜਾਵੇ ਤਾਂ ਵੀ ਹੋਸ਼ ਨਹੀਂ ਹੁੰਦੀ। ਇਹ ਕੋਈ ਚੰਗੀਆਂ ਗੱਲਾਂ ਨੇ ?

ਬਚਨਾ : ਬਈ ਜੇ ਵੈਲੀ ਬੰਦੇ ਸ਼ਰਾਬ ਨਾ ਪੀਣ, ਸ਼ਰਾਬ ਪੀ ਕੇ ਚਾਰ ਗਾਲ੍ਹਾਂ ਕਿਸੇ ਨੂੰ ਨਾ ਕੱਢਣ, ਨਾ ਚਾਰ ਗਾਲ੍ਹਾਂ ਕਿਸੇ ਤੋਂ ਖਾਣ, ਉਏ ਦੂਰ ਫਿੱਟੇ ਮੂੰਹ ਇਹੋ ਜਿਹੀ ਸ਼ਰਾਬ ਪੀਣ ਦੇ।

ਬਾਪੂ : ਓਏ ਦੂਰ ਫਿੱਟੇ ਮੂੰਹ ਓਏ ਤੇਰੇ ਤੇ ਤੇਰੇ ਸਾਥੀਆਂ ਦੇ ਕੋਈ ਅਕਲ ਦੀ ਗੱਲ ਨਾ ਸਿੱਖਿਓ।

ਬਚਨਾ : ਬਾਪੂ ਮੈਂ ਜਾਣਦਾ ਆਂ ਥੋਨੂੰ ਵੀ, ਤੁਸੀਂ ਬੁੱਢੇ ਜਿਹੜੇ ਰਲਕੇ ਖੁੰਡਾਂ 'ਤੇ ਬੈਠੇ ਰਹਿੰਦੇ ਹੋ ਤੇ ਹਰ ਆਉਂਦੀ ਜਾਂਦੀ ਵੱਲ ਵੇਖਕੇ ਮਸਕੇ ਲਾਉਂਦੇ ਰਹਿੰਦੇ ਹੋ। ਵੱਡੇ ਤੁਸੀਂ ਦੁੱਧ ਧੋਤੇ।

ਬਾਪੂ : ਓਏ ਅਸੀਂ ਦੁੱਧ ਧੋਤੇ ਹੀ ਆਂ। ਤੇਰੇ ਵਰਗੇ ਕੁੱਤੇ ਕੰਮ ਨਹੀਂ ਕੀਤੇ ਸਾਰੀ ਉਮਰ। ਤੈਨੂੰ ਕੋਈ ਨਵੀਂ ਜਵਾਨੀ ਨਹੀਂ ਚੜ੍ਹੀ। ਕਦੇ ਅਸੀਂ ਵੀ ਤੇਰੇ ਵਰਗੇ ਹੁੰਦੇ ਸਾਂ। ਖੁਰਾਕਾਂ ਖਾ ਕੇ ਬੁਗਦਰ ਚੁੱਕਦੇ ਤੇ ਮੂੰਗਲੀਆਂ ਫੇਰਦੇ ਹੁੰਦੇ ਸਾਂ, ਦਸਾਂ ਪਿੰਡਾਂ 'ਚ ਕੋਈ ਮੁਕਾਬਲਾ ਨਹੀਂ ਸੀ ਕਰ ਸਕਦਾ। ਤੇਰੇ ਵਾਂਗ ਬਦਫੈਲੀਆਂ ਨਹੀਂ ਸੀ ਕਰਦੇ ਹੁੰਦੇ।

ਬਚਨਾ : ਜੇ ਬੰਦੇ ਨੇ ਜਵਾਨੀ ਵੇਲੇ ਤੀਰ ਨਾ ਮਾਰਿਆ ਤਾਂ ਕੀ ਫਾਇਦਾ ਜੂਨ ਪੂਰੀ ਕਰਨ ਦਾ। ਵੱਡਾ ਦਾਰਾ ਸਿੰਹੁ।

ਬਾਪੂ : ਚੁੱਪ ਕਰਕੇ ਬਹਿ ਉਇ ਸਵੇਰੇ ਸਵੇਰੇ ਭੁੱਖਣ ਭਾਣੇ ਨਾਲ ਲੱਗ ਪਿਆ ਲੜ੍ਹਨ। ਸਵੇਰੇ ਦਾ ਖੇਤ 'ਚ ਹੱਲ ਵਾਹੀ ਜਾਨਾਂ ਆਂ ਬੁੱਢੇ ਵਾਰੇ ਮੈਨੂੰ ਧੱਕੇ ਖਾਣੇ ਪੈਂਦੇ ਨੇ ਨਾ ਕੋਈ ਕੰਮ ਨਾ ਧੰਦਾ। (ਬੇਬੇ ਨੂੰ) ਬਚਨੇ ਦੀ ਬੇਬੇ ਮੈਂ ਚਲਿਆਂ ਖੂਹ ਨੂੰ, ਰੋਟੀ ਮੇਰੀ ਉਥੇ ਹੀ ਲੈ ਆਵੀਂ।

*(ਬਾਪੂ ਜਾਂਦਾ ਹੈ।)*

ਬਚਨਾ : ਲੈ ਜਾਵੀਂ ਚੂਰੀ ਕੁੱਟ ਕੇ ਵੱਡੇ ਰਾਂਝੇ ਦੀ। (ਬੇਬੇ ਨੂੰ) ਵੇਖ ਲਿਆ ਬੇਬੇ, ਬਾਪੂ ਹਰ ਵੇਲੇ ਮੇਰੇ ਨਾਲ ਲੜਦਾ ਰਹਿੰਦਾ ਏ।

ਬੇਬੇ : ਮੈਂ ਤਾਂ ਪਿਉ ਪੁੱਤਰ ਦੇ ਝਗੜੇ ਤੋਂ ਡਾਢੀ ਸੜ ਲੱਥੀ ਆਂ... ਤੂੰ ਜਾਣੇ ਜਾਂ ਉਹ ਜਾਣੇ।

ਬਚਨਾ : ਰਾਜੀ ਕਿਥੇ ਗਈ ਏ ?

ਬੇਬੇ : ਬਾਹਰ ਵੱਲ ਗਈ ਏ, ਹੁਣੇ ਮੰਜੇ ਤੋਂ ਉੱਠੀ ਏ।

ਬਚਨਾ : ਮੈਂ ਵੈਦ ਨਾਲ ਗੱਲ ਕੀਤੀ ਏ, ਉਹ ਤਾਂ ਕਹਿੰਦਾ ਸੀ ਪਈ ਕੋਈ ਰੋਗ ਨਹੀਂ।

ਬੇਬੇ : ਮੈਨੂੰ ਤਾਂ ਆਪ ਸਮਝ ਨਹੀਂ ਆਉਂਦੀ ਕਿ ਕੀ ਫਟ ਵੱਜਿਆ ਸੂ... ਮੈਂ ਤਾਂ ਤੈਨੂੰ ਉਸ ਵੇਲੇ ਆਖਿਆ ਸੀ ਕਿ ਕਢ ਸੂ ਪਰੇ।

ਬਚਨਾ : ਤੂੰ ਤਾਂ ਹਰ ਵੇਲੇ ਬੇਬੇ ਉਹਦਾ ਬੁਰਾ ਚਾਹੁੰਦੀ ਏ।

ਬੇਬੇ : ਮੈਂ ਕਾਹਨੂੰ ਬੁਰਾ ਚਾਹੁਨੀ ਆਂ ਮੈਂ ਤਾਂ ਚਾਹੁਨੀ ਆਂ ਕਿ ਹੁਣ ਵਸੇ ਰਸੇ ਤੇ ਆਪਣੇ ਜੁਆਕੜੇ ਨੂੰ ਸੰਭਾਲੇ ਲੈ ਆ ਗਈ ਏ।

*(ਰਾਜੀ ਆਂਦੀ ਹੈ।)*

ਬਚਨਾ : ਰਾਜੀ ਹੁਣ ਜੀ ਕਿਸ ਤਰ੍ਹਾਂ ਏ ?

ਰਾਜੀ : ਕੁਝ ਠੀਕ ਈ ਏ ਜੀ।

ਬਚਨਾ : ਇਕ ਪੁੜੀ ਖਾ ਲੈਣੀ ਸੀ।

ਰਾਜੀ : ਖਾ ਲਈ ਸੀ।

ਬੇਬੇ : ਅੱਛਾ ਮੈਂ ਆਟਾ ਗੁੰਨ ਲਵਾਂ ਤੇ ਰੋਟੀਆਂ ਤੂੰ ਰਾੜ ਲਈ

*(ਬੇਬੇ ਜਾਂਦੀ ਹੈ।)*

ਰਾਜੀ : ਅੱਜ ਬਾਪੂ ਨਾਲ ਜਿਹੜਾ ਬੰਦਾ ਆਇਆ ਸੀ ਤੈਨੂੰ ਪਤਾ ਕੌਣ ਸੀ?

ਬਚਨਾ : ਕੌਣ ਸੀ?

ਰਾਜੀ : ਸਾਡੇ ਪਿੰਡ ਦਾ ਨੰਬਰਦਾਰ ਸੀ। ਮੇਰਾ ਬੜਾ ਦਿਲ ਕੀਤਾ ਕਿ ਉਹਦੇ ਕੋਲੋਂ ਆਪਣੇ ਬਾਪੂ ਬਾਰੇ ਪੁੱਛਾਂ ਸ਼ਾਇਦ ਉਹਨੂੰ ਕੋਈ ਗਫੂਰੇ ਬਾਰੇ ਪਤਾ ਹੁੰਦਾ ਪਰ ਮੈਂ ਤੈਥੋਂ ਡਰ ਗਈ।

ਬਚਨਾ : ਇਹ ਤੈਨੂੰ ਬੈਠੇ ਬੈਠੇ ਗਫੂਰੇ ਦੀ ਯਾਦ ਕਿਥੋਂ ਆ ਗਈ ਹੁਣ ਤਾਂ ਤੂੰ ਇਕ ਮੁੰਡੇ ਦੀ ਮਾਂ ਵੀ ਬਣ ਗਈ ਏਂ।

ਰਾਜੀ : ਇਹ ਗਮ ਮੈਂ ਕਦੇ ਨਹੀਂ ਭੁੱਲ ਸਕਦੀ ਕਿ ਮੈਂ ਉਹਦੀ ਮਾਂ ਹਾਂ ਹੁਣ ਤਾਂ ਉਹ ਯਾਦ ਕਦੀ ਕਦੀ ਆਉਂਦਾ ਏ ਜਦੋਂ ਉਹ ਮੇਰੇ ਤੋਂ ਨਿਖੜ ਗਿਆ ਸੀ ਤਾਂ ਕਿੰਨੇ ਹੀ ਮਹੀਨਿਆਂ ਤਾਈਂ ਮੈਨੂੰ ਉਹਦੇ ਤੋਂ ਬਗੈਰ ਕੁਝ ਸੁਝਦਾ ਨਹੀਂ ਸੀ।

ਬਚਨਾ : ਪਰ ਮੇਰੇ ਸਿਆਪੇ ਕਰਨੇ ਤਾਂ ਤੈਨੂੰ ਸੁਝਦੇ ਰਹੇ ਸੀ ਨਾ।

ਰਾਜੀ : ਉਨ੍ਹਾਂ ਦਾ ਕਾਰਨ ਵੀ ਗਫੂਰੇ ਦੀ ਯਾਦ ਸੀ ਜਦੋਂ ਮੈਂ ਸੋਚਦੀ ਕਿ ਮੈਥੋਂ ਗਫੂਰ ਨੂੰ ਨਿਖੇੜਨ ਵਾਲਾ ਤੂੰ ਹੀਉਂ ਹੈ ਤਾਂ ਮੈਂ ਤੇਰੇ...

ਬਚਨਾ : ਜਦੋਂ ਮੈਂ ਤੈਨੂੰ ਗੱਡੇ ਤੋਂ ਘਸੀਟ ਕੇ ਲਿਆਂਦਾ ਸੀ ਉਦੋਂ ਜੇ ਮੈਂ ਤੇਰੇ ਪੁੱਤਰ ਗਫੂਰੇ ਨੂੰ ਵੀ ਨਾਲ ਲੈ ਆਉਂਦਾ ਤਾਂ ਚੰਗਾ ਹੀ ਰਹਿੰਦਾ, ਅੱਜ ਮੇਰਾ ਗੱਡਾ ਤਾਂ ਹੱਕਣ ਵਿਚ ਮਦਦ ਕਰਦਾ।

ਰਾਜੀ : ਤੂੰ ਉਹਨੂੰ ਜਿਵੇਂ ਮਰਜ਼ੀ ਰੱਖਦਾ ਪਰ ਤੂੰ ਉਹਨੂੰ ਮੇਰੇ ਤੋਂ ਅੱਡ ਨਾ ਕਰਦਾ।

ਬਚਨਾ : ਸੱਚੀ ਗੱਲ ਤਾਂ ਇਹ ਆ ਭਲੀਏ ਲੋਕੇ ਕਿ ਉਦੋਂ ਮੈਨੂੰ ਬਸ ਇਕ ਮੁਸਲੀ ਚੁੱਕਣ ਦਾ ਹੀ ਖਿਆਲ ਸੀ ਹੋਰ ਕਾਸੇ ਦੀ ਸੁਰਤ ਨਹੀਂ ਸੀ।

ਰਾਜੀ : (ਰੋਂਦੀ ਹੋਈ) ਪਰ ਜਦੋਂ ਤੂੰ ਮੈਨੂੰ ਗੱਡੇ ਤੋਂ ਘਸੀਟ ਕੇ ਲੈ ਤੁਰਿਆ ਸੀ ਉਦੋਂ ਮੇਰੇ ਵੱਲ ਹੱਥ ਵਧਾ ਵਧਾ ਕੇ ਜਿਵੇਂ ਉਹਨੇ ਅੰਮੀ ਅੰਮੀ ਆਖਿਆ ਸੀ ਉਹ ਵੀ ਤਾਂ ਤੇਰੇ ਕੰਨੀ ਪਿਆ ਸੀ ਉਹਦੇ ਵੱਲ ਮੂੰਹ ਕਰਕੇ ਜਿਵੇਂ ਮੈਂ ਪਿੱਟੀ ਤੇ ਰੋਈ ਸੀ ਉਹ ਵੀ ਤੇ ਤੂੰ ਵੇਖਿਆ ਸੀ।

ਬਚਨਾ : ਉਏ ਉਦੋਂ ਮੁਸਲਿਆਂ ਦੇ ਸਿੜੀ ਸਿਆਪੇ ਨੂੰ ਕੌਣ ਜਾਣਦਾ ਸੀ?

ਰਾਜੀ : ਉਦੋਂ ਮੈਂ ਤੈਨੂੰ ਇਹ ਵੀ ਦੱਸਿਆ ਸੀ ਕਿ ਉਹਦਾ ਅੱਬਾ ਤਾਂ ਪਹਿਲਾਂ ਹੀ ਫੌਤ ਹੋ ਚੁੱਕਿਆ ਏ ਹੁਣ ਉਸਦੀ ਅੰਮੀ ਨੂੰ ਵੀ ਲੈ ਚਲਿਆ ਏਂ, ਉਸ ਮਾਸੂਮ ਦਾ ਕੌਣ ਵਾਲੀ ਵਾਰਸ ਬਣੇਗਾ, ਚੌਹੀਂ ਪਾਸੀਂ ਵੱਢਾ

ਟੁੱਕੀ ਹੋ ਰਹੀ ਸੀ ਉਦੋਂ ਉਸਨੂੰ ਕੀਹਨੇ ਪਨਾਹ ਦਿੱਤੀ ਹੋਵੇਗੀ ?

*(ਰੋਂਦੇ ਹੋਏ। ਉਹ ਜ਼ਰੂਰ ਵੱਢ ਦਿੱਤਾ ਹੋਣਾ ਏ।)*

ਬਚਨਾ : (ਖਿਝ ਕੇ) ਓ ਬੰਦ ਕਰ ਸਿਆਪੇ ਨੂੰ ਲੱਗ ਪਈ ਆਂ ਸੂਰਾਂ ਦਾ ਦੁੱਖ ਰੋਣ, ਕਿਸੇ ਨੇ ਸੱਚ ਹੀ ਆਖਿਆ ਸੀ ਕਿ ਜੇ ਮੁਸਲਮਾਨ ਤੀਵੀਂ ਆਪਣੀ ਬਾਂਹ ਤੇਲ ਵਿਚ ਡਬੋ ਕੇ ਤਿਲਾਂ ਦੀ ਬੋਰੀ ਵਿਚ ਤੁੰਨੇ, ਤੇ ਜਿੰਨੇ ਤਿਲ ਉਹਦੀ ਬਾਂਹ ਨੂੰ ਲੱਗਣ ਜੇਕਰ ਉਹ ਉਨੀ ਵਾਰੀ ਵੀ ਕਸਮ ਖਾਵੇ ਤਾਂ ਉਸ ਉਤੇ ਇਤਬਾਰ ਨਹੀਂ ਕਰਨਾ ਚਾਹੀਦਾ ਤਿੰਨ ਵਰ੍ਹੇ ਹੋ ਗਏ ਤੈਨੂੰ ਇਥੇ ਆਇਆਂ, ਇਕ ਨਿਆਣਾ ਵੀ ਜੰਮ ਪਿਆ ਏ ਫੇਰ ਵੀ ਸਾਲੇ ਗਫੂਰ ਦੀ ਯਾਦ ਆਈ ਜਾਂਦੀ ਏ।

ਰਾਜੀ : (ਅੱਥਰੂ ਪੂੰਝਦੀ ਹੋਈ) ਉਹ ਮੇਰੀ ਕੁੱਖੋਂ ਜਾਇਆ ਸੀ।

ਬਚਨਾ : ਤੇਰਾ ਕੋਈ ਇਤਬਾਰ ਨਹੀਂ। ਜੇ ਅੱਜ ਪੁਲਿਸ ਆਣ ਪਵੇਂ ਤਾਂ ਤੂੰ ਉਧਰ ਨੂੰ ਮੂੰਹ ਚੁੱਕ ਕੇ ਤੁਰ ਪਵੇ ?

ਰਾਜੀ : ਮੈਂ ਹੁਣ ਤੇਰੇ ਨਿਆਣੇ ਦੀ ਮਾਂ ਬਣ ਚੁੱਕੀ ਆਂ, ਮੈਂ ਹੁਣ ਕਿਥੇ ਜਾਣਾ ਏ?

ਬਚਨਾ : ਤੇਰਾ ਕੀ ਏ ? ਤੂੰ ਨਿਆਣੇ ਨੂੰ ਵੀ ਨਾਲ ਲੈ ਤੁਰੇਂਗੀ।

ਰਾਜੀ : ਹੁਣ ਮੈਂ ਪਾਕਿਸਤਾਨ ਨਹੀਂ ਜਾਣਾ ਉਥੇ ਲੋਕੀ ਮੇਰੇ 'ਤੇ ਤੋਹਮਤਾਂ ਲਾਉਣਗੇ... ਨਾਲੇ ਮੇਰੇ ਨਿਆਣੇ ਨੂੰ ਉਹ ਹਰਾਮ ਦਾ ਨਿਆਣਾ ਆਖਣਗੇ।

ਬਚਨਾ : (ਗੁੱਸੇ ਨਾਲ) ਇਹ ਨਿਆਣਾ ਹਰਾਮ ਦਾ ਕਿਵੇਂ ਹੋਇਆ ? ਕੀ ਗ੍ਰੰਥੀ ਹੋਰਾਂ ਤੇਰੇ ਨਾਲ ਵਿਆਹ ਨਹੀਂ ਸੀ ਕੀਤਾ।

ਰਾਜੀ : ਤੂੰ ਤਾਂ ਗੱਲ ਨੂੰ ਪੁੱਠਾ ਪਾ ਲਿਆ ਏ।

ਬਚਨਾ : ਆਹੋ ਮੈਂ ਪੁੱਠਾ ਪਾ ਲਿਆ ਏ, ਅੱਛਾ ਜਾਹ ਕੁਝ ਰੋਟੀ ਟੁੱਕ ਦਾ ਇੰਤਜ਼ਾਮ ਕਰ। (ਰਾਜੀ ਜਾਂਦੀ ਹੈ ਬੇਬੇ ਆਉਂਦੀ ਹੈ।)

ਬੇਬੇ : ਇਹਨੂੰ ਕੀ ਹੋਇਆ ? ਰੋਣ ਕਿਉਂ ਡਹੀ ਏ ?

ਬਚਨਾ : ਐਵੇਂ ਇਹਦਾ ਪਾਕਿਸਤਾਨ ਜਾਣ ਨੂੰ ਚਿੱਤ ਕਰਦਾ ਏ।

ਬੇਬੇ : (ਹੈਰਾਨੀ ਨਾਲ) ਹਾਏ-ਹਾਏ ਕਿਥੇ ਤੱਤੜੀ ਦਾ ਤਿੰਨ ਵਰ੍ਹਿਆਂ ਪਿਛੋਂ ਪਾਕਿਸਤਾਨ ਜਾਣ ਨੂੰ ਚਿੱਤ ਕਰ ਆਇਆ ? (ਬਚਨੇ ਨੂੰ) ਵੇਖੀਂ ਕਿਤੇ ਗਵਾ ਨਾ ਬੈਠੀ ਅੱਗੇ ਇਕ ਮਰੀ ਸੀ ਤਾਂ ਦੂਜੀ ਕਿਸੇ ਨੇ ਦਿੱਤੀ ਨਹੀਂ ਸੀ।

ਬਚਨਾ : ਮੈਂ ਕੀ ਕਰਾਂ ਬੇਬੇ ? ਮੈਨੂੰ ਆਪ ਇਹਦੇ ਚਲੇ ਜਾਣ ਨਾਲ ਦੁੱਖ ਹੋਣ ਲੱਗ ਪੈਂਦਾ ਏ।

ਬੇਬੇ : ਵੇ ਨਾਲੇ ਤੇਰੇ ਬਾਪੂ ਨੂੰ ਜੈਂਤੀਪੁਰ ਵਾਲੇ ਨੰਬਰਦਾਰ ਨੇ ਦੱਸਿਆ ਸੀ

ਕਿ ਇਹਦਾ ਪੁੱਤ ਮਰਿਆ ਨਹੀਂ ਤੇ ਪੁਲਿਸ ਵਾਲੇ ਇਹਨੂੰ ਲੱਭਣ ਆਏ ਸੀ।

ਬਚਨਾ : ਬੇਬੇ ਮੈਨੂੰ ਪਤਾ ਲੱਗ ਗਿਆ ਏ ਮੈਨੂੰ ਨੰਬਰਦਾਰ ਨੇ ਦੱਸਿਆ ਸੀ ਨਾਲੇ ਬਾਪੂ ਨੇ ਉਨ੍ਹਾਂ ਨੂੰ ਇਹ ਵੀ ਕਿਹਾ ਕਿ ਪੁਲਿਸ ਵਾਲੇ ਜੇਕਰ ਹੁਣ ਫੇਰ ਪੁੱਛਣ ਤਾਂ ਉਹ ਉਨ੍ਹਾਂ ਨੂੰ ਰਾਜੀ ਦਾ ਪਤਾ ਦੱਸੇਗਾ।

ਬੇਬੇ : ਤੇਰਾ ਬਾਪੂ ਤਾਂ ਸੱਤਰ੍ਹਿਆ ਬੱਤਰ੍ਹਿਆ ਹੋ ਗਿਆ ਏ, ਉਹਦੀ ਗੱਲ ਛੱਡ ਤੂੰਹੀਉਂ ਕੁਝ ਕਰ।

ਬਚਨਾ : ਮੈਂ ਕੀ ਕਰਾਂ ?

ਬੇਬੇ : ਪੁੱਤ... ਮੈਂ ਦੱਸਾਂ, ਡਰਾਵਾ ਦੇ ਸੂ।

ਬਚਨਾ : ਡਰਾਵੇ ਨਾਲ ਕੀ ਬਣਦਾ ਏ ਪੂਰੀ ਕੁੱਤੇ ਦੀ ਪੂਛ ਆ।

ਬੇਬੇ : ਕੋਈ ਨੀ ਜੇ ਲੱਗ ਗਿਆ ਤੀਰ ਨਾ ਲੱਗਾ ਤੇ ਕੁੱਤਾ ਈ ਸਹੀ।

ਬਚਨਾ : (ਉੱਚੀ ਸਾਰੀ) ਜੇ ਉਸ ਪਾਕਿਸਤਾਨ ਵੱਲ ਜਾਣ ਨੂੰ ਮੂੰਹ ਕੀਤਾ ਤਾਂ ਮੈਂ ਸਾਲੀ ਨੂੰ ਵੱਢ ਦਊਂ।

ਬੇਬੇ : (ਉੱਚੀ ਸਾਰੀ) ਆਹੋ ਅੱਗੇ ਕਈਆਂ ਨੇ ਵੱਢ ਈ ਸਿੱਟੀਆਂ ਸਨ ਫਸਾਦਾਂ ਦੇ ਵੇਲੇ ਇਹ ਸ਼ੁਕਰ ਨਹੀਂ ਕਰਦੀ ਅਸੀਂ ਇਹਨੂੰ ਆਪਣੇ ਘਰ ਦੀ ਰਾਣੀ ਬਣਾ ਲਿਆਏ।

ਬਚਨਾ : ਕਹਿੰਦੇ ਆ ਨਾ ਕੁੱਤੇ ਨੂੰ ਘੇ ਨਹੀਂ ਪੱਚਦਾ।

ਬੇਬੇ : (ਉੱਚੀ) ਆਹੋ ਜਿਥੇ ਕਈਆਂ ਲੋਕਾਂ ਨੇ ਹੋਰਨਾਂ ਨਾਲ ਕੀਤਾ ਅਸੀਂ ਵੀ ਇਸਨੂੰ ਕੁਝ ਦਿਹਾੜੇ ਰੱਖਕੇ ਬਾਹਰ ਧੱਕ ਦੇਂਦੇ ਜਾਂ ਵੱਢ ਕੇ ਬੇਈਂ ਵਿਚ ਰੋੜ੍ਹ ਦਿੰਦੇ ਤਾਂ ਚੰਗਾ ਸੀ।

ਬਚਨਾ : ਬੇਬੇ ਹੁਣ ਕਿਹੜਾ ਮੇਰੀ ਛਵ੍ਹੀ ਨੂੰ ਜੰਗਾਲ ਲੱਗ ਗਿਆ।

ਬੇਬੇ : ਆਹੋ (ਹੌਲੀ ਜਿਹੀ) ਪੁੱਤ ਵੱਢਣਾ ਨਹੀਂ ਸਗੋਂ ਡਰਾਵਾ ਈ ਦੇਣਾ ਏ ਮਸਾਂ ਮਸਾਂ ਤੇਰਾ ਘਰ ਵਸਿਆ ਏ।

ਬਾਪੂ : ਇਹ ਮਾਂ ਪੁੱਤ ਕਿਹਨੂੰ ਵੱਢਣ ਦੀਆਂ ਸਲ੍ਹਾਵਾਂ ਪਏ ਕਰਦੇ ਓ ?

ਬੇਬੇ : ਤੈਨੂੰ ਕੀ ? ਤੂੰ ਜਾ ਕੇ ਪੁਲਿਸ ਨੂੰ ਖ਼ਬਰ ਕਰ ਆ ਕਿ ਤੇਰੀ ਨੂੰਹ ਨੂੰ ਲੈ ਜਾਣ।

ਬਾਪੂ : ਮੈਂ ਕੀ ਖ਼ਬਰ ਕਰਨੀਂ ਸੀ, ਖ਼ਬਰ ਤਾਂ ਉਨ੍ਹਾਂ ਨੂੰ ਹੋ ਗਈ ਐ ਉਹ ਆਏ ਬੈਠੇ ਨੇ।

ਬਚਨਾ : ਕੌਣ ਆਏ ਬੈਠੇ ਨੇ ?

ਬਾਪੂ : ਆਪਣੀ ਪੁਲਿਸ ਵਾਲੇ ਤੇ ਪਾਕਿਸਤਾਨ ਦੀ ਪੁਲਿਸ ਵਾਲੇ ਵੀ ਨੇ।

ਬੇਬੇ : ਹੁਣ ਕੀ ਬਣੇਗਾ ?

ਬਾਪੂ : ਬਨਣਾ ਕੀ ਏ... ਉਹ ਾਂ ਇਥੇ ਆਉਣ ਲੱਗੇ ਸਨ, ਪਰ ਮੇਰੇ ਕਹਿਣ 'ਤੇ ਉਹ ਰੁਕ ਗਏ ਨ, ਜੇ ਇਥੇ ਆਉਂਦੇ ਤਾਂ ਲੋਕਾਂ ਲਈ ਤਮਾਸ਼ਾ ਬਨਣਾ ਸੀ।

ਬੇਬੇ : ਵੇ ਬਚਨਿਆਂ ਉਠ ਕੇ ਉਹਨੂੰ ਕਿਤੇ ਛੁਪਾ ਕੁੜੀ ਨੂੰ... ਤੇਰਾ ਬਾਪੂ ਤੇਰੀ ਜਾਨ ਦਾ ਦੁਸ਼ਮਣ ਬਣ ਗਿਆ ਈ।

ਬਚਨਾ : ਮੈਂ ਵੇਖਦਾਂ ਕਿਹੜੇ ਪੁਲਿਸ ਵਾਲੇ ਆਏ ਨੇ। (ਜਾਂਦਾ ਹੈ।)

ਬਾਪੂ : ਬਚਨੇ ਦੀ ਬੇਬੇ ਰਾਜੀ ਨੂੰ ਹੁਣ ਜਾਣਾ ਈ ਪੈਣਾ ਏ... ਮੈਂ ਉਨ੍ਹਾਂ ਨਾਲ ਵਾਅਦਾ ਕਰਕੇ ਆਇਆ ਵਾਂ।

ਬੇਬੇ : ਵਹੁਟੀ ਮੁੰਡੇ ਦੀ ਵਾਅਦਾ ਤੂੰ ਕਰ ਆਇਆ ਏਂ। ਉਸ ਨਹੀਂ ਜਾਣ ਦੇਣਾ।

ਬਾਪੂ : ਜੇ ਪੁਲਿਸ ਵਾਲੇ ਇਥੇ ਆ ਜਾਂਦੇ ਤਾਂ ਚੰਗਾ ਰਹਿਣਾ ਸੀ... ਇਥੇ ਜਲੂਸ ਨਿਕਲ ਜਾਣਾ ਸੀ (ਰਾਜੀ ਆਉਂਦੀ ਹੈ)।

ਬੇਬੇ : ਕੁੜੀਏ ਤੂੰ ਜਾ ਕੇ ਅੰਦਰ ਬਹਿ ਜਾ।

ਰਾਜੀ : (ਅਣਸੁਣਿਆ ਕਰਕੇ) ਬਾਪੂ ਜੀ ਮੈਂ ਹੁਣ ਪਾਕਿਸਤਾਨ ਨਹੀਂ ਜਾਣਾ ਮੇਰਾ ਉਥੇ ਕੀ ਏ ?

ਬੇਬੇ : ਆਹੋ ਇਹਦਾ ਉਥੇ ਕੌਣ ਏ ?

ਬਾਪੂ : ਧੀਏ ਇਹ ਸਾਰੀ ਗੱਲ ਦਾ ਫੈਸਲਾ ਤਾਂ ਥਾਣੇ ਜਾ ਕੇ ਹੋਊ... ਮੈਂ ਉਨ੍ਹਾਂ ਨੂੰ ਕਹਿ ਕੇ ਆਇਆ ਵਾਂ...।

ਬੇਬੇ : ਇਹ ਜਾਂਦੀ ਏ ਤੇ ਚਲੀ ਜਾਵੇ, ਪਰ ਮੈਂ ਆਪਣੇ ਪੋਤਰੇ ਨੂੰ ਨਹੀਂ ਜਾਣ ਦੇਣਾ, ਮਸਾਂ ਮਸਾਂ ਪੋਤਰੇ ਦਾ ਮੂੰਹ ਵੇਖਿਆ ਏ...

ਰਾਜੀ : ਮੈਂ ਆਪਣੇ ਬੱਚੇ ਨੂੰ ਛੱਡ ਕੇ ਨਹੀਂ ਜਾ ਸਕਦੀ, ਅੱਗੇ ਤੁਸਾਂ ਮੈਨੂੰ ਇਕ ਬੱਚੇ ਤੋਂ ਵੱਖ ਕੀਤਾ ਏ। ਤੁਸੀਂ ਮੇਰੇ ਕੋਲੋਂ ਮੇਰਾ ਦੂਸਰਾ ਬੱਚਾ ਨਹੀਂ ਖੋਹ ਸਕਦੇ।

ਬਾਪੂ : ਧੀਏ ਮੈਨੂੰ ਪਾਕਿਸਤਾਨ ਵਾਲੇ ਥਾਣੇਦਾਰ ਨੇ ਦੱਸਿਆ ਕਿ ਤੇਰਾ ਪੁੱਤ ਗਫੂਰ ਜੀਂਦਾ ਏ।

ਰਾਜੀ : ਮੇਰਾ ਗਫੂਰ ਜੀਂਦਾ ਏ... ਮੇਰਾ ਪੁੱਤ ਜੀਂਦਾ ਏ... ਕਿਥੇ ਏ ਮੇਰਾ ਪੁੱਤ... ਮੇਰੇ ਪੁੱਤ ਨੂੰ ਨਾਲ ਲੈ ਕੇ ਆਏ ਨੇ ?

ਬਾਪੂ : ਨਹੀਂ ਧੀਏ... ਉਹ ਨਾਲ ਨਹੀਂ ਲਿਆਏ... ਉਹ ਉਥੇ ਆਪਣੇ ਚਾਚੇ ਕੋਲ ਰਹਿੰਦਾ ਏ।

ਬੇਬੇ : ਇਹ ਐਵੇਂ ਝੂਠੀ ਗੱਲ ਏ... ਉਹ ਹੁਣ ਤੱਕ ਬੈਠਾ ਏ।

ਰਾਜੀ : ਨਾ ਬੇਬੇ ਇੰਝ ਨਾ ਬੋਲ... ਮੇਰਾ ਦਿਲ ਤਾਂ ਹਮੇਸ਼ਾਂ ਕਹਿੰਦਾ ਸੀ ਕਿ ਮੇਰਾ ਪੁੱਤ ਜੀਂਦਾ ਏ।

ਬੇਬੇ : ਤਾਹੀਉਂ ਤਾਂ ਹਰ ਵੇਲੇ ਉਹਦਾ ਸਿਆਪਾ ਕਰਦੀ ਰਹਿੰਦੀ ਸੀ।

ਰਾਜੀ : ਉਹਦੇ ਵੱਲ ਮੰਦਾ ਨਾ ਬੋਲ ਬੇਬੇ... ਮੇਰਾ ਪੁੱਤ ਜੀਂਦਾ ਏ, ਮੈਂ ਉਹਦੇ ਕੋਲ ਜਾਵਾਂਗੀ, ਪਰ ਕੀ ਮੈਂ ਜਾ ਸਕਾਂਗੀ ?... ਲੋਕ ਮੇਰੇ 'ਤੇ ਤੋਹਮਤ ਲਾਉਣਗੇ...

ਬੇਬੇ : ਆਹੋ ਲੋਕ ਭਲਾ ਜੀਣ ਦੇਂਦੇ ਆ।

ਬਾਪੂ : ਧੀਏ... ਦੁਨੀਆਂ ਆਪ ਤੋਹਮਤਾਂ ਤੋਂ ਸੱਖਣੀ ਨਹੀਂ ਤੂੰ ਸੁਣੀ ਏ ਨਾ ਉਹ ਗੱਲ ਇਕ ਬਜ਼ੁਰਗ ਦੇ ਕੋਲ ਇਕ ਪਿੰਡ ਦੇ ਲੋਕ ਇਕ ਔਰਤ ਨੂੰ ਪਕੜ ਕੇ ਲਿਆਏ ਅਤੇ ਕਿਹਾ... ਹੇ ਬਜ਼ੁਰਗ ਇਹ ਔਰਤ ਬਦਕਾਰ ਏ ਤੇ ਇਸਨੂੰ ਮੂਸਾਂ ਦੇ ਕਾਨੂੰਨ ਅਨੁਸਾਰ ਪੱਥਰ ਮਾਰਨੇ ਚਾਹੀਦੇ ਹਨ, ਤੁਸੀਂ ਇਸ ਬਾਰੇ ਕੀ ਆਖਦੇ ਓ। ਤਾਂ ਉਸ ਬਜ਼ੁਰਗ ਨੇ ਕਿਹਾ, ਤੁਸਾਂ ਵਿਚੋਂ ਜਿਸਨੇ ਕੋਈ ਗੁਨਾਹ ਨਹੀਂ ਕੀਤਾ, ਉਹ ਸਭ ਤੋਂ ਪਹਿਲਾਂ ਏਸ ਨੂੰ ਪੱਥਰ ਮਾਰੇ... ਤੇ ਧੀਏ ਇਹੋ ਜਿਹਾ ਕੋਈ ਵੀ ਨਾ ਨਿੱਤਰਿਆ। ਸਾਨੂੰ ਰੱਬ ਕੋਲੋਂ ਡਰਨਾ ਚਾਹੀਦਾ ਏ, ਬੰਦਿਆਂ ਕੋਲੋਂ ਨਹੀਂ।

ਰਾਜੀ : ਨਹੀਂ ਬਾਪੂ ਜੀ ਮੈਂ ਨਹੀਂ ਜਾਣਾ, ਉਨ੍ਹਾਂ ਨੂੰ ਕਹੋ ਮੇਰਾ ਪੁੱਤ ਏਥੇ ਭੇਜ ਦੇਣ, ਮੈਂ ਆਪਣੇ ਲਾਲ ਨੂੰ ਨਹੀਂ ਛੱਡ ਸਕਦੀ, ਬੇਬੇ ਮੇਰਾ ਬੱਚਾ ਮੈਨੂੰ ਦੇਦੇ, ਜੇ ਮੈਂ ਜਾਵਾਂਗੀ ਤਾਂ ਇਸ ਨੂੰ ਵੀ ਨਾਲ ਲੈ ਕੇ ਜਾਵਾਂਗੀ।

ਬੇਬੇ : ਨੀ ਤੂੰ ਪਰ੍ਹੇ ਹੱਟ... ਆਪਾਂ ਏਸ ਨੂੰ ਨਹੀਂ ਜਾਣ ਦੇਣਾ।

ਰਾਜੀ : ਬੇਬੇ ਮੇਰਾ ਪੁੱਤ ਮੈਨੂੰ ਦੇਦੇ... ਮੈਂ ਨਹੀਂ ਜਾਂਦੀ।

ਬੇਬੇ : ਬਚਨੇ ਦੇ ਬਾਪੂ... ਜਾਹ ਉਹਨਾਂ ਨੂੰ ਕਹਿ ਦੇ ਕਿ ਏਸ ਨਹੀਂ ਜਾਣਾ... ਨਾਲੇ ਇਹ ਜਾਵੇ ਵੀ ਕਿਉਂ ਇਹਨੂੰ ਇਥੇ ਕੀ ਦੁੱਖ ਏ।

ਬਾਪੂ : ਮੈਂ ਤਾਂ ਭੰਭਲ ਭੂਸੇ ਵਿਚ ਪੈ ਗਿਆਂ। ਰਹਿ ਰਹਿਕੇ ਮੈਨੂੰ ਇਸ ਕੁੜੀ ਦਾ ਖਿਆਲ ਪਿਆ ਆਉਂਦਾ ਏ। ਇਥੇ ਇਹਦਾ ਇਹ ਬੱਚਾ ਏ ਤੇ ਉਥੇ ਵੀ ਉਹਦਾ ਯਤੀਮ ਬਾਲ ਜਿਹੜਾ ਮਾਂ ਦੀਆਂ ਆਂਦਰਾਂ ਨੂੰ ਤਰਸ ਰਿਹਾ ਹੋਣਾ ਏ। ਧੀਏ ਤੂੰ ਇਕ ਵਾਰੀ ਮੇਰੇ ਨਾਲ ਚੱਲ ਜੋ ਵੀ ਗੱਲ ਕਰਨੀ ਏ, ਉਨ੍ਹਾਂ ਦੇ ਸਾਹਮਣੇ ਕਰੀਂ। ਤੂੰ ਮੇਰੇ ਨਾਲ ਚੱਲ।

ਰਾਜੀ : ਨਹੀਂ ਬਾਪੂ ਜੀ, ਮੈਂ ਨਹੀਂ ਜਾਣਾ, ਉਹ ਮੈਨੂੰ ਲੈ ਜਾਣਗੇ, ਮੈਂ ਆਪਣਾ ਬੱਚਾ ਨਹੀਂ ਛੱਡ ਸਕਦੀ, ਬੇਬੇ ਮੇਰਾ ਬੱਚਾ ਮੈਨੂੰ ਦੇ ਦੇ, ਬਾਪੂ ਉਨ੍ਹਾਂ ਨੂੰ ਕਹਿ ਮੇਰਾ ਗਫ਼ੂਰ ਮੈਨੂੰ ਦੇ ਦੇਣ, ਉਹ ਮੇਰਾ ਬੱਚਾ ਏ, ਇਹ ਮੇਰਾ ਬੱਚਾ ਏ, ਇਹ ਬੱਚੇ ਨਾ ਹਿੰਦੁਸਤਾਨ ਦੇ ਨੇ, ਤੇ ਨਾ ਪਾਕਿਸਤਾਨ ਦੇ ਨੇ, ਇਹ ਮੇਰੇ ਬੱਚੇ ਨੇ। (ਬੂਹੇ ਵੱਲ ਤੁਰਦੀ ਏ) ਨਹੀਂ ਬਾਪੂ ਜੀ ਮੈਂ ਨਹੀਂ ਜਾਣਾ... ਇਹ ਮੇਰਾ ਬੱਚਾ ਏ, ਇਹ ਮੇਰਾ ਬੱਚਾ

ਏ, ਉਨ੍ਹਾਂ ਨੂੰ ਕਹਿੰਦੇ ਮੇਰਾ ਗਫੂਰ ਇਥੇ ਹੀ ਮੈਨੂੰ ਦੇ ਦੇਣ, ਇਹ ਮੇਰੇ ਬੱਚੇ ਨੇ, ਇਕ ਮਾਂ ਦੇ ਦੋ ਬੱਚੇ।

ਬਾਪੂ : ਧੀਏ ਤੂੰ ਠੀਕ ਆਖਦੀ ਏ, ਇਹ ਇਕ ਮਾਂ ਦੇ ਬੱਚੇ ਨੇ ਹਾਕਮਾਂ ਨੇ ਧਰਤੀ 'ਤੇ ਲੀਕਾਂ ਪਾ ਕੇ ਇਕ ਮੁਲਕ ਦੇ ਦੋ ਮੁਲਕ ਬਣਾ ਦਿੱਤੇ ਨੇ, ਪਰ ਇਕ ਮਾਂ ਦੇ ਦਿਲ 'ਤੇ ਕੌਣ ਲੀਕ ਪਾਏਗਾ? ਇਕ ਮਾਂ ਦੇ ਦਿਲ 'ਤੇ ਕੌਣ ਲੀਕ ਪਾ ਸਕੇਗਾ, ਕੌਣ ਪਾ ਸਕੇਗਾ।

*(ਹੌਲੇ ਹੌਲੇ ਫੇਡ ਆਊਟ ਹੁੰਦਾ ਹੈ।)*